## ਛੋਟੇ ਫਾਰਮ ਦਾ ਨੋਟਿਸ

ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਦੁਆਰਾ ਅਧਿਕਾਰਤ ਕਾਨੂੰਨੀ ਨੋਟਿਸ

## ਨੈਵਿਸਟਾਰ ਮੈਕਸਫੌਰਸ ਇੰਜਣ (Navistar MaxxForce Engine) ਬਾਰੇ ਕਲਾਸ ਐਕਸ਼ਨ ਅਤੇ ਪ੍ਰਸਤਾਵਿਤ ਨਿਪਟਾਰਾ

**ਨੋਟਿਸ ਕਿਸ ਨੂੰ:** ਕਿਊਬੈਕ ਨੂੰ ਛੱਡ ਕੇ, ਕੈਨੇਡਾ ਵਿੱਚ ਉਹਨਾਂ ਸਾਰੇ ਵਿਅਕਤੀਆਂ ਅਤੇ ਸੰਸਥਾਵਾਂ ਨੂੰ, ਜਿਨ੍ਹਾਂ ਨੇ 24 ਫਰਵਰੀ 2022 ਨੂੰ ਜਾਂ ਇਸ ਤੋਂ ਪਹਿਲਾਂ, MaxxForce 11-, 13-, ਜਾਂ 15-ਲੀਟਰ ਇੰਜਣ ਨਾਲ ਲੈਸ ਇੱਕ ਜਾਂ ਇੱਕ ਤੋਂ ਵੱਧ 2011-2014 ਸਾਲ ਦੇ ਮਾਡਲ ਵਾਲੇ ਨੈਵਿਸਟਾਰ (Navistar) ਵਾਹਨਾਂ ਨੂੰ ਖਰੀਦਿਆ ਜਾਂ 30 ਦਿਨਾਂ ਤੋਂ ਵੱਧ ਲੀਜ਼ 'ਤੇ ਲਿਆ।

**ਇਹ ਨੋਟਿਸ ਸਿਰਫ਼ ਇੱਕ ਸਾਰ ਹੈ। ਵਧੇਰੇ ਜਾਣਕਾਰੀ ਲਈ ਤੁਸੀਂ www.navistarsettlement.ca 'ਤੇ ਜਾ ਕੇ ਜਾਂ 1-866-573-2710 ਨੂੰ ਕਾਲ ਕਰਕੇ ਲੰਬੇ ਫਾਰਮ ਵਾਲੇ ਨੋਟਿਸ ਨੂੰ ਦੇਖ ਸਕਦੇ ਹੋ।**

### ਮੁਕੱਦਮਾ ਕਿਸ ਬਾਰੇ ਹੈ?

ਬ੍ਰਿਟਿਸ਼ ਕੋਲੰਬੀਆ ਵਿੱਚ Navistar Canada ULC, Navistar, Inc., Navistar International Corporation, ਅਤੇ Harbour International Trucks Ltd. ("ਬਚਾਅ ਪੱਖ") ਦੇ ਖਿਲਾਫ ਕੈਨੇਡਾ ਵਿੱਚ (ਕਿਊਬੈਕ ਨੂੰ ਛੱਡ ਕੇ) ਸਾਰੇ ਅਜਿਹੇ ਵਿਅਕਤੀਆਂ ਦੀ ਤਰਫੋਂ ਇੱਕ ਕਲਾਸ ਐਕਸ਼ਨ ਮੁਕੱਦਮਾ ਸ਼ੁਰੂ ਕੀਤਾ ਗਿਆ ਸੀ ਜਿਨ੍ਹਾਂ ਨੇ 11-, 13-, ਜਾਂ 15-ਲੀਟਰ ਵਾਲੇ MaxxForce ਇੰਜਣ ਨਾਲ ਲੈਸ, 2011-2014 ਸਾਲ ਦੇ ਮਾਡਲ ਵਾਲੇ ਕਿਸੇ Navistar ਵਾਹਨ ਨੂੰ ਖਰੀਦਿਆ ਜਾਂ ਲੀਜ਼ 'ਤੇ ਲਿਆ ਹੈ ਜੋ ਵਾਹਨ EGR ਦੀ ਵਰਤੋਂ ਕਰਦਾ ਹੈ ਪਰ SCR ਨਿਕਾਸ ਤਕਨਾਲੋਜੀ ("ਕਲਾਸ ਵਾਹਨ") ਦੀ ਵਰਤੋਂ ਨਹੀਂ ਕਰਦਾ। ਕਲਾਸ ਵਾਹਨ 2011-2014 ਸਾਲਾਂ ਦੇ ਮਾਡਲ ਵਾਲੇ ਵਾਹਨ ਹਨ। ਇਸ ਵਿੱਚ ਨਿਮਨਲਿਖਤ Navistar ਟਰੱਕ ਬ੍ਰਾਂਡ ਸ਼ਾਮਲ ਹਨ: "PAYSTAR", "WORKSTAR", "TRANSTAR", "9900i", "LONESTAR", ਅਤੇ "PROSTAR".

ਐਕਸ਼ਨ ਦਾ ਦਾਅਵਾ ਹੈ ਕਿ ਬਚਾਅ ਪੱਖ ਨੇ ਇੱਕ ਖਰਾਬ EGR ਨਿਕਾਸੀ ਪ੍ਰਣਾਲੀ ਨਾਲ ਲੈਸ ਕਲਾਸ ਵਾਹਨ ਵੇਚੇ ਜਾਂ ਲੀਜ਼ 'ਤੇ ਦਿੱਤੇ। ਬਚਾਅ ਪੱਖ ਇਹਨਾਂ ਇਲਜ਼ਾਮਾਂ ਤੋਂ ਇਨਕਾਰ ਕਰਦਾ ਹੈ ਪਰ ਮੁਦੱਈਆਂ ਨਾਲ ਨਿਪਟਾਰਾ ("ਸੈਟਲਮੈਂਟ") ਕਰਨ ਲਈ ਸਹਿਮਤ ਹੋਇਆ ਹੈ।

### ਤਸਦੀਕ

ਇਸ ਕਾਰਵਾਈ ਨੂੰ ਪਹਿਲਾਂ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ("ਦਿ ਕੋਰਟ") ਦੁਆਰਾ 16 ਨਵੰਬਰ, 2016 ਨੂੰ ਪ੍ਰਮਾਣਿਤ ਕੀਤਾ ਗਿਆ ਸੀ, ਅਤੇ 19 ਅਕਤੂਬਰ 2021 ਅਤੇ 24 ਫਰਵਰੀ 2022 ਦੇ ਅਦਾਲਤੀ ਆਦੇਸ਼ਾਂ ਦੁਆਰਾ ਸੋਧਿਆ ਗਿਆ ਸੀ। ਸੈਟਲਮੈਂਟ ਦੇ ਬਾਅਦ, ਅਦਾਲਤ ਨੇ ਕਲਾਸ ਦੀ ਇੱਕ ਸੋਧੀ ਹੋਈ ਪਰਿਭਾਸ਼ਾ ਨੂੰ ਮਨਜ਼ੂਰੀ ਦਿੱਤੀ ਅਤੇ ਸਮਝੌਤੇ ਦੇ ਉਦੇਸ਼ਾਂ ਲਈ ਕਾਰਵਾਈ ਦੀ ਤਸਦੀਕ ਕੀਤੀ। 'ਕਲਾਸ' ਵਿੱਚ ਉਹ ਸਾਰੇ ਵਿਅਕਤੀ ਸ਼ਾਮਲ ਹਨ ਜਿਨ੍ਹਾਂ ਨੇ, ਕੁਝ ਅਪਵਾਦਾਂ ਨੂੰ ਛੱਡ ਕੇ, ਕੋਈ ਕਲਾਸ ਵਾਹਨ ਖਰੀਦਿਆ ਜਾਂ (30 ਦਿਨਾਂ ਤੋਂ ਵੱਧ ਲਈ) ਲੀਜ਼ 'ਤੇ ਲਿਆ ਸੀ।

### ਪ੍ਰਸਤਾਵਿਤ ਨਿਪਟਾਰਾ

ਇੱਕ ਨਿਪਟਾਰਾ ਕੀਤਾ ਗਿਆ ਹੈ ਜੋ ਬਚਾਅ ਪੱਖ ਦੇ ਵਿਰੁੱਧ ਕਾਰਵਾਈ ਦਾ ਹੱਲ ਕੱਢਦਾ ਹੈ। ਸੈਟਲਮੈਂਟ ਲਈ CAD $13,775,000 ਨਕਦ ("ਦਿ ਕੈਸ਼ ਅਮਾਊਂਟ"), ਅਤੇ CAD $725,000 ਤੱਕ ਛੋਟਾਂ ("ਦਿ ਰਿਬੇਟ ਅਮਾਊਂਟ") ਤੱਕ ਦੇ ਕੁੱਲ CAD $14,500,000 ("ਦਿ ਸੈਟਲਮੈਂਟ ਅਮਾਊਂਟ") ਦਾ ਭੁਗਤਾਨ ਕਲਾਸ ਦੇ ਲਾਭ ਲਈ ਕੀਤਾ ਜਾਏਗਾ, ਜਿਸਨੂੰ ਬਾਅਦ ਦੀ ਮਿਤੀ 'ਤੇ ਵੰਡਿਆ ਜਾਏਗਾ। ਨਿਪਟਾਰਾ, ਜੇਕਰ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਬਚਾਅ ਪੱਖ ਦੇ ਵਿਰੁੱਧ ਸਾਰੇ ਬਕਾਇਆ ਕਲਾਸ ਮੁਕੱਦਮੇ ਨੂੰ ਰਾਸ਼ਟਰੀ ਆਧਾਰ 'ਤੇ ਹੱਲ ਕਰੇਗਾ, ਜਿਸ ਵਿੱਚ ਪਹਿਲਾਂ ਓਨਟਾਰੀਓ, ਐਲਬਰਟਾ ਅਤੇ ਮੈਨੀਟੋਬਾ ਵਿੱਚ ਵਕੀਲਾਂ ਦੁਆਰਾ ਲਿਆਂਦੇ ਗਏ ਇੱਕੋ-ਜਿਹੇ ਕੇਸ ਸ਼ਾਮਲ ਹਨ।

ਨਿਪਟਾਰਾ ਅਦਾਲਤ ਦੁਆਰਾ ਮਨਜ਼ੂਰ ਕੀਤਾ ਜਾਣਾ ਚਾਹੀਦਾ ਹੈ। ਜੇਕਰ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਬਚਾਅ ਪੱਖ ਨੂੰ ਉਹਨਾਂ ਦੇ ਵਿਰੁੱਧ ਕੀਤੇ ਗਏ ਦਾਅਵਿਆਂ ਤੋਂ ਪੂਰੀ ਅਤੇ ਅੰਤਮ ਰਿਲੀਜ਼ ਮਿਲ ਜਾਵੇਗੀ। ਸਮਝੌਤੇ ਦਾ ਮਤਲਬ 'ਐਕਸ਼ਨ' ਦੇ ਸਬੰਧ ਵਿੱਚ ਕਿਸੇ ਗਲਤ ਕੰਮ ਜਾਂ ਜ਼ਿੰਮੇਵਾਰੀ ਨੂੰ ਸਵੀਕਾਰ ਕਰਨਾ ਨਹੀਂ ਹੈ।

ਨਕਦ ਰਕਮ, ਕੋਰਟ ਦੁਆਰਾ ਪ੍ਰਵਾਨਿਤ ਕਲਾਸ ਕਾਉਂਸਲ ਫੀਸਾਂ, ਵੰਡ, ਪ੍ਰਸ਼ਾਸਨ ਦੇ ਖਰਚੇ ਅਤੇ ਲਾਗੂ ਟੈਕਸ ਘਟਾਉਣ ਦੇ ਬਾਅਦ, ਵੰਡਣ ਤੱਕ ਕਲਾਸ ਮੈਂਬਰਾਂ ਦੇ ਲਾਭ ਲਈ ਇੱਕ ਵਿਆਜ-ਧਾਰਕ ਟਰੱਸਟ ਖਾਤੇ ਵਿੱਚ ਰੱਖੀ ਜਾਏਗੀ ("ਕੈਸ਼ ਅਮਾਊਂਟ" ਅਤੇ ਛੂਟ ਦੀ ਰਕਮ ਸਹਿਤ "ਸੈਟਲਮੈਂਟ ਫੰਡ")।

ਇੱਕ ਵਾਰ ਮਨਜ਼ੂਰੀ ਮਿਲਣ 'ਤੇ, ਇੱਕ ਵੱਖਰਾ ਨੋਟਿਸ 'ਕਲਾਸ' ਦੇ ਮੈਂਬਰਾਂ ਲਈ ਸੈਟਲਮੈਂਟ ਤੋਂ ਪੈਸੇ ਪ੍ਰਾਪਤ ਕਰਨ ਲਈ ਇੱਕ ਦਾਅਵਾ ਫਾਰਮ ਜਮ੍ਹਾਂ ਕਰਾਉਣ ਦੀ ਪ੍ਰਕਿਰਿਆ ਦਾ ਐਲਾਨ ਕਰੇਗਾ।

### ਕੌਣ-ਕੌਣ ਸ਼ਾਮਲ ਹੈ?

"ਕਲਾਸ" ਦੀ ਹੇਠਲੀ ਪਰਿਭਾਸ਼ਾ ਹੈ:

> ਕੈਨੇਡਾ ਵਿੱਚ ਰਹਿਣ ਵਾਲੇ ਸਾਰੇ ਕੁਦਰਤੀ ਵਿਅਕਤੀ ਜਾਂ ਸੰਸਥਾਵਾਂ, ਜੋ ਕਿਊਬੈਕ ਵਿੱਚ ਵਸਨੀਕ ਨਹੀਂ ਹਨ, ਜਿਨ੍ਹਾਂ ਨੇ 24 ਫਰਵਰੀ 2022 ਨੂੰ ਜਾਂ ਇਸ ਤੋਂ ਪਹਿਲਾਂ, ਇੱਕ ਜਾਂ ਇੱਕ ਤੋਂ ਵੱਧ "ਕਲਾਸ ਵਾਹਨ" ਖਰੀਦੇ ਹਨ ਜਾਂ 30 ਦਿਨਾਂ ਤੋਂ ਵੱਧ ਸਮੇਂ ਲਈ ਲੀਜ਼ 'ਤੇ ਲਏ ਹਨ, ਸਿਵਾਏ ਇਹਨਾਂ ਲੋਕਾਂ ਦੇ: (1) ਉਹ ਸਾਰੇ ਵਿਅਕਤੀ ਜਿਨ੍ਹਾਂ ਨੇ ਕਲਾਸ ਵਾਹਨਾਂ ਦੀ ਕਥਿਤ ਤੌਰ 'ਤੇ ਨੁਕਸਦਾਰ EGR ਨਿਕਾਸੀ ਪ੍ਰਣਾਲੀ ਨੂੰ ਸ਼ਾਮਲ ਕਰਨ ਵਾਲੇ ਦਾਅਵਿਆਂ ਦਾ ਮੁਕੱਦਮਾ, ਇੱਕ ਜਾਂ ਇੱਕ ਤੋਂ ਵੱਧ ਬਚਾਅ ਪੱਖ ਦੇ ਵਿਰੁੱਧ, ਅੰਤਿਮ, ਗੈਰ-ਅਪੀਲਯੋਗ ਨਿਰਣੇ (ਸਿਰਫ਼ ਉਨ੍ਹਾਂ ਵਾਹਨਾਂ ਦੇ ਸਬੰਧ ਵਿੱਚ) ਤੱਕ ਚਲਾਇਆ ਹੈ; (2) ਉਹ ਸਾਰੇ ਵਿਅਕਤੀ ਜਿਨ੍ਹਾਂ ਨੇ, ਕਿਸੇ ਸਮਝੌਤੇ ਰਾਹੀਂ ਜਾਂ ਕਿਸੇ ਹੋਰ ਤਰੀਕੇ ਨਾਲ, ਇੱਕ ਜਾਂ ਇੱਕ ਤੋਂ ਵੱਧ ਬਚਾਅ ਪੱਖ ਨੂੰ ਆਪਣੇ ਦਾਅਵਿਆਂ ਨੂੰ ਜਾਰੀ ਕੀਤਾ ਹੈ ਜਿਨ੍ਹਾਂ ਵਿੱਚ ਕਲਾਸ ਵਾਹਨਾਂ ਦੀ ਕਥਿਤ ਤੌਰ 'ਤੇ ਨੁਕਸਦਾਰ EGR ਨਿਕਾਸੀ ਪ੍ਰਣਾਲੀ (ਸਿਰਫ਼ ਉਨ੍ਹਾਂ ਵਾਹਨਾਂ ਦੇ ਸਬੰਧ ਵਿੱਚ) ਸ਼ਾਮਲ ਹੈ, ਅਤੇ *4037308 Canada Inc. ਬਨਾਮ Navistar Canada Inc.*, ਸੁਪੀਰੀਅਰ ਕੋਰਟ ਆਫ਼ ਕਿਊਬੈਕ ਫਾਈਲ ਨੰਬਰ 500-06-000720-140, ਡਿਸਟ੍ਰਿਕਟ ਆਫ਼ ਮਾਂਟਰੀਅਲ ਦੇ ਸਮਝੌਤੇ ਸਮੇਤ ਕਿਸੇ ਸਮਝੋਤੇ ਰਾਹੀਂ ਜਾਂ ਹੋਰ ਤਰੀਕੇ ਨਾਲ ਆਪਣੇ ਇੱਕ ਜਾਂ ਵੱਧ ਦਾਅਵਿਆਂ ਦਾ ਰਿਲੀਜ਼ ਪ੍ਰਾਪਤ ਕੀਤਾ ਹੈ; (3) ਬਚਾਅ ਪੱਖ ਦੇ ਕਰਮਚਾਰੀ, ਅਧਿਕਾਰੀ, ਨਿਰਦੇਸ਼ਕ, ਏਜੰਟ, ਅਤੇ ਪ੍ਰਤੀਨਿਧੀ, ਅਤੇ ਉਹਨਾਂ ਦੇ ਪਰਿਵਾਰਕ ਮੈਂਬਰ; (4) ਕੋਈ ਨਵੇਂ ਜਾਂ ਵਰਤੇ ਗਏ Navistar ਵਾਹਨਾਂ ਦਾ ਕੋਈ ਵੀ ਅਧਿਕਾਰਤ ਡੀਲਰ; (5) ਕੋਈ ਵੀ ਵਿਅਕਤੀ ਜਿਸਨੇ ਸਿਰਫ਼ ਮੁੜ ਵਿਕਰੀ ਦੇ ਉਦੇਸ਼ਾਂ ਲਈ ਜਾਂ ਕਿਸੇ ਵਿਕਰੀ ਜਾਂ ਲੀਜ਼ਿੰਗ ਸਮਝੌਤੇ ਲਈ ਵਿੱਤ ਪ੍ਰਦਾਨ ਕਰਨ ਲਈ ਕੋਈ ਕਲਾਸ ਵਾਹਨ ਖਰੀਦਿਆ ਹੈ (ਸਿਰਫ਼ ਉਹਨਾਂ ਵਾਹਨਾਂ ਦੇ ਸਬੰਧ ਵਿੱਚ); (6) Idealease and Navistar Leasing Co.; ਅਤੇ (7) ਕੋਈ ਵੀ ਵਿਅਕਤੀ ਜਾਂ ਸੰਸਥਾ ਜਿਸ ਕੋਲ 30 ਦਿਨਾਂ ਜਾਂ ਇਸ ਤੋਂ ਘੱਟ ਲਈ ਕਲਾਸ ਵਾਹਨ ਦਾ ਪਟਾ ਸੀ।

ਜੇਕਰ ਤੁਸੀਂ ਮੰਨਦੇ ਹੋ ਕਿ ਤੁਸੀਂ ਇੱਕ ਕਲਾਸ ਮੈਂਬਰ ਹੋ, ਤਾਂ ਕਿਰਪਾ ਕਰਕੇ ਕਲਾਸ ਵਾਹਨਾਂ ਦੀ ਤੁਹਾਡੀ ਖਰੀਦ ਜਾਂ ਲੀਜ਼ ਨਾਲ ਸਬੰਧਤ ਕਿਸੇ ਵੀ ਦਸਤਾਵੇਜ਼ ਦੀ ਕਾਪੀ ਲੱਭੋ ਅਤੇ ਆਪਣੇ ਕੋਲ ਰੱਖੋ। ਸੈਟਲਮੈਂਟ ਤੋਂ ਪੈਸਿਆਂ ਲਈ ਦਾਅਵਾ ਕਰਨ ਜਾਂ ਛੋਟ ਲੈਣ ਲਈ ਤੁਹਾਨੂੰ ਇਹਨਾਂ ਦੀ ਲੋੜ ਹੋਵੇਗੀ।

### ਅਦਾਲਤ ਦੀ ਪ੍ਰਵਾਨਗੀ

ਸੈਟਲਮੈਂਟ ਨੂੰ ਲਾਗੂ ਹੋਣ ਤੋਂ ਪਹਿਲਾਂ ਅਦਾਲਤ ਦੁਆਰਾ ਮਨਜ਼ੂਰੀ ਦਿੱਤੀ ਜਾਣੀ ਚਾਹੀਦੀ ਹੈ। ਜੇਕਰ ਸੈਟਲਮੈਂਟ ਨੂੰ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਕਾਰਵਾਈ ਪੂਰੀ ਤਰ੍ਹਾਂ ਨਾਲ ਹੱਲ ਹੋ ਜਾਵੇਗੀ, ਅਤੇ ਕਲਾਸ ਦੇ ਮੈਂਬਰਾਂ ਦੁਆਰਾ ਕਾਰਵਾਈ ਦੇ ਸਬੰਧ ਵਿੱਚ ਬਚਾਓ ਪੱਖ ਦੇ ਵਿਰੁੱਧ ਸਾਰੇ ਦਾਅਵਿਆਂ ਨੂੰ ਖਤਮ ਕਰ ਦਿੱਤਾ ਜਾਵੇਗਾ ਬਸ਼ਰਤੇ ਕਿ ਤੁਸੀਂ ਔਪਟ-ਆਊਟ ਨਹੀਂ ਕਰਦੇ ਹੋ (ਹੇਠਾਂ ਦੇਖੋ)।

ਸੈਟਲਮੈਂਟ ਦੀ ਮਨਜ਼ੂਰੀ ਸਬੰਧੀ ਸੁਣਵਾਈ ਦੌਰਾਨ ਅਦਾਲਤ ਇਹ ਨਿਰਧਾਰਿਤ ਕਰੇਗੀ ਕਿ ਕੀ ਨਿਪਟਾਰਾ ਨਿਰਪੱਖ, ਵਾਜਬ ਅਤੇ ਕਲਾਸ ਦੇ ਸਰਵੋਤਮ ਹਿੱਤ ਵਿੱਚ ਹੈ। ਉਸੇ ਸੁਣਵਾਈ ਦੇ ਦੌਰਾਨ, ਕਲਾਸ ਕਾਉਂਸਲ ਸੈਟਲਮੈਂਟ ਰਕਮ ਦੇ 30% ਤੱਕ ਦੀ ਫੀਸ ਅਤੇ ਕੇਸ ਦੇ ਦੌਰਾਨ ਕਲਾਸ ਦੇ ਵਕੀਲ ਦੁਆਰਾ ਅਦਾ ਕੀਤੇ ਗਏ ਜੇਬ ਖਰਚਿਆਂ ਅਤੇ ਲਾਗੂ ਟੈਕਸਾਂ ਦੀ ਅਦਾਲਤ ਦੀ ਮਨਜ਼ੂਰੀ ਲਈ ਵੀ ਬੇਨਤੀ ਕਰ ਸਕਦਾ ਹੈ। ਜੇਕਰ ਮਨਜ਼ੂਰ ਹੋ ਜਾਂਦਾ ਹੈ, ਤਾਂ ਨਕਦ ਫੰਡ ਵਿੱਚੋਂ ਕਲਾਸ ਕਾਉਂਸਲ ਨੂੰ ਰਕਮ ਦਾ ਭੁਗਤਾਨ ਕੀਤਾ ਜਾਵੇਗਾ।

### ਕਾਰਵਾਈ ਤੋਂ ਬਾਹਰ ਨਿਕਲਣਾ

ਕਲਾਸ ਦੇ ਮੈਂਬਰਾਂ ਨੂੰ ਆਪਣੇ ਆਪ ਨੂੰ ਕਾਰਵਾਈ ਤੋਂ ਬਾਹਰ ਰੱਖਣ ("ਔਪਟ-ਆਊਟ") ਦਾ ਅਧਿਕਾਰ ਹੈ।

- ਜੇਕਰ ਤੁਸੀਂ ਔਪਟ-ਆਊਟ ਕਰਦੇ ਹੋ, ਤਾਂ ਤੁਸੀਂ ਐਕਸ਼ਨ ਜਾਂ ਸੈਟਲਮੈਂਟ ਵਿੱਚ ਹਿੱਸਾ ਲੈਣ ਜਾਂ ਪੈਸੇ ਪ੍ਰਾਪਤ ਕਰਨ ਦੇ ਯੋਗ ਨਹੀਂ ਹੋਵੋਗੇ, ਪਰ ਤੁਸੀਂ ਮੁੱਦੇ 'ਤੇ ਦਾਅਵਿਆਂ ਦੇ ਸਬੰਧ ਵਿੱਚ ਆਪਣਾ ਕੇਸ ਸ਼ੁਰੂ ਕਰਨ ਜਾਂ ਜਾਰੀ ਰੱਖਣ ਦੇ ਯੋਗ ਹੋ ਸਕਦੇ ਹੋ।

- ਜੇਕਰ ਤੁਸੀਂ ਕੁਝ ਨਹੀਂ ਕਰਦੇ, ਤਾਂ ਤੁਸੀਂ ਇਸ ਵਿੱਚ ਹਿੱਸਾ ਲੈਣ ਦੇ ਯੋਗ ਹੋਵੋਗੇ ਅਤੇ ਕਾਰਵਾਈ ਤੋਂ ਪੈਸੇ ਪ੍ਰਾਪਤ ਕਰ ਸਕਦੇ ਹੋ ਪਰ ਤੁਸੀਂ ਮੁੱਦੇ 'ਤੇ ਦਾਅਵਿਆਂ ਦੇ ਸਬੰਧ ਵਿੱਚ ਆਪਣਾ ਕੇਸ ਸ਼ੁਰੂ ਜਾਂ ਜਾਰੀ ਰੱਖਣ ਦੇ ਯੋਗ ਨਹੀਂ ਹੋਵੋਗੇ।

ਤੁਸੀਂ 17 ਨਵੰਬਰ 2023 ਤੱਕ ਸੈਟਲਮੈਂਟ ਐਡਮਿਨਿਸਟ੍ਰੇਟਰ ਨੂੰ ਨੋਟਿਸ ਦੇ ਕੇ ਔਪਟ-ਆਊਟ ਕਰ ਸਕਦੇ ਹੋ। ਜੇਕਰ ਤੁਸੀਂ 17 ਨਵੰਬਰ 2023 ਤੱਕ ਔਪਟ-ਆਊਟ ਨਹੀਂ ਕਰਦੇ ਹੋ, ਤਾਂ ਤੁਸੀਂ ਕਲਾਸ ਐਕਸ਼ਨ ਦੇ ਨਤੀਜੇ ਲਈ ਪਾਬੰਦ ਹੋਵੋਗੇ, ਜਿਸ ਵਿੱਚ ਸਮਝੌਤਾ (ਜੇ ਮਨਜ਼ੂਰੀ ਦਿੱਤੀ ਗਈ ਹੈ) ਵੀ ਸ਼ਾਮਲ ਹੈ। ਆਪਣੇ ਆਪ ਨੂੰ ਬਾਹਰ ਕੱਢਣ ਲਈ, ਕਿਰਪਾ ਕਰਕੇ www.navistarsettlement.ca 'ਤੇ ਜਾਓ ਅਤੇ ਸਮਝੌਤੇ ਤੋਂ ਬਾਹਰ ਜਾਣ ਲਈ ਹਦਾਇਤਾਂ ਦੀ ਪਾਲਣਾ ਕਰੋ, ਜਾਂ 1-866-573-2710 ਨੂੰ ਕਾਲ ਕਰੋ।

**ਮੇਰੇ ਵਿਕਲਪ ਕੀ ਹਨ?**

1. ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਇੱਕ ਕਲਾਸ ਮੈਂਬਰ ਹੋ ਅਤੇ ਕਲਾਸ ਅਤੇ ਸੈਟਲਮੈਂਟ (ਜੇ ਮਨਜ਼ੂਰੀ ਦਿੱਤੀ ਜਾਂਦੀ ਹੈ) ਵਿੱਚ ਸ਼ਾਮਲ ਹੋਣਾ ਚਾਹੁੰਦੇ ਹੋ, ਤਾਂ ਤੁਹਾਨੂੰ ਹੁਣ ਕੁਝ ਕਰਨ ਦੀ ਲੋੜ ਨਹੀਂ ਹੈ। ਜੇਕਰ ਸੈਟਲਮੈਂਟ ਅਦਾਲਤ ਦੁਆਰਾ ਮਨਜ਼ੂਰ ਕੀਤਾ ਜਾਂਦਾ ਹੈ ਤਾਂ ਤੁਹਾਨੂੰ ਦੁਬਾਰਾ ਸੂਚਿਤ ਕੀਤਾ ਜਾਵੇਗਾ।

2. ਜੇਕਰ ਤੁਸੀਂ ਸੋਚਦੇ ਹੋ ਕਿ ਤੁਸੀਂ ਕਲਾਸ ਦੇ ਮੈਂਬਰ ਹੋ ਪਰ ਐਕਸ਼ਨ ਜਾਂ ਸਮਝੌਤੇ ਵਿੱਚ ਹਿੱਸਾ ਨਹੀਂ ਲੈਣਾ ਚਾਹੁੰਦੇ ਹੋ, ਤਾਂ ਤੁਸੀਂ "ਔਪਟ ਆਊਟ" ਕਰ ਸਕਦੇ ਹੋ, ਜਾਂ ਆਪਣੇ ਆਪ ਨੂੰ ਐਕਸ਼ਨ ਤੋਂ ਵੱਖ ਕਰ ਸਕਦੇ ਹੋ।

3. ਤੁਸੀਂ ਸਮਝੌਤੇ 'ਤੇ ਟਿੱਪਣੀ ਜਾਂ ਇਤਰਾਜ਼ ਵੀ ਕਰ ਸਕਦੇ ਹੋ। ਇਤਰਾਜ਼ ਕਰਨ ਲਈ, ਤੁਹਾਨੂੰ 17 ਨਵੰਬਰ 2023 ਤੱਕ ਕਲਾਸ ਦੇ ਕਾਉਂਸਲ ਨੂੰ ਲੋੜੀਂਦੇ ਫਾਰਮ ਵਿੱਚ ਆਪਣੇ ਇਤਰਾਜ਼ ਦਾ ਨੋਟਿਸ ਦੇਣਾ ਚਾਹੀਦਾ ਹੈ। ਤੁਸੀਂ ਆਪਣੇ ਇਤਰਾਜ਼ ਨਾਲ ਸਾਰੀ ਲੋੜੀਂਦੀ ਜਾਣਕਾਰੀ ਦਿੱਤੇ ਬਿਨਾਂ ਇਤਰਾਜ਼ ਨਹੀਂ ਕਰ ਸਕਦੇ। ਇਤਰਾਜ਼ ਕਿਵੇਂ ਕਰਨਾ ਹੈ, ਅਤੇ ਲੋੜੀਂਦੀ ਜਾਣਕਾਰੀ ਦੀ ਸੂਚੀ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ www.navistarsettlement.ca 'ਤੇ ਜਾਓ ਜਾਂ 1-866-573-2710 ਨੂੰ ਕਾਲ ਕਰੋ। ਕਲਾਸ ਕਾਉਂਸਲ ਅਦਾਲਤ ਸਾਮ੍ਹਣੇ ਸਾਰੀਆਂ ਟਿੱਪਣੀਆਂ ਅਤੇ ਇਤਰਾਜ਼ ਪੇਸ਼ ਕਰੇਗਾ।

**ਅੱਗੇ ਕੀ ਹੁੰਦਾ ਹੈ?** ਅਦਾਲਤ 30 ਨਵੰਬਰ 2023 ਨੂੰ ਇਹ ਫੈਸਲਾ ਕਰਨ ਲਈ ਸੁਣਵਾਈ ਕਰੇਗੀ ਕਿ ਸਮਝੌਤੇ, ਕਲਾਸ ਕਾਉਂਸਲ ਦੀਆਂ ਫੀਸਾਂ ਅਤੇ ਮੁਦੱਈ ਦੇ ਮਾਣ ਭੱਤੇ ਨੂੰ ਮਨਜ਼ੂਰੀ ਦਿੱਤੀ ਜਾਵੇ ਜਾਂ ਨਹੀਂ। ਹਾਜ਼ਰ ਹੋਣ ਦੇ ਤਰੀਕੇ ਬਾਰੇ ਵੇਰਵਿਆਂ ਲਈ, ਕਿਰਪਾ ਕਰਕੇ ਕਲਾਸ ਕਾਉਂਸਲ ਨਾਲ ਸੰਪਰਕ ਕਰੋ।

**ਮੇਰੀ ਪ੍ਰਤੀਨਿਧਤਾ ਕੌਣ ਕਰੇਗਾ?** ਕਲਾਸ ਦੇ ਮੈਂਬਰਾਂ ਦੀ ਨੁਮਾਇੰਦਗੀ ਕਲਾਸ ਕਾਉਂਸਲ ਦੁਆਰਾ ਕੀਤੀ ਜਾਂਦੀ ਹੈ— Farris LLP, Foreman & Company Professional Corporation, ਅਤੇ Rochon Genova LLP. ਤੁਸੀਂ ਕਲਾਸ ਕਾਉਂਸਲ ਨਾਲ ਇੱਥੇ ਸੰਪਰਕ ਕਰ ਸਕਦੇ ਹੋ:

> ***Farris LLP*** (ਕਿਊਬੈਕ ਦੇ ਇਲਾਵਾ ਕੈਨੇਡਾ ਦੇ ਕਲਾਸ ਮੈਂਬਰ): 604-661-9372 ਜਾਂ ਈਮੇਲ: randerson@farris.com ਜਾਂ mkshergill@farris.com (ਅੰਗਰੇਜ਼ੀ ਅਤੇ ਪੰਜਾਬੀ)
>
> ***Foreman & Company*** (ਓਨਟਾਰੀਓ ਦੇ ਕਲਾਸ ਮੈਂਬਰ): ਟੋਲ ਫ੍ਰੀ: 1-855-814-4575 ਐਕਸਟੈਂਸ਼ਨ. 106 ਜਾਂ ਈਮੇਲ: classactions@foremancompany.com
>
> ***Rochon Genova LLP*** (ਓਨਟਾਰੀਓ ਦੇ ਕਲਾਸ ਮੈਂਬਰ): ਟੋਲ ਫ੍ਰੀ: 1-800-462-3864 ਜਾਂ ਈਮੇਲ: contact@rochongenova.com

ਜੇਕਰ ਤੁਸੀਂ ਆਪਣੇ ਖੁਦ ਦੇ ਵਕੀਲ ਦੁਆਰਾ ਨੁਮਾਇੰਦਗੀ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਖਰਚੇ 'ਤੇ ਕਿਸੇ ਨੂੰ ਰੱਖ ਸਕਦੇ ਹੋ।

**ਮੈਂ ਹੋਰ ਜਾਣਕਾਰੀ ਕਿਵੇਂ ਪ੍ਰਾਪਤ ਕਰਾਂ?** ਕਿਰਪਾ ਕਰਕੇ www.navistarsettlement.ca ‘ਤੇ ਜਾਓ ਜਾਂ 1-866-573-2710 ਨੂੰ ਕਾਲ ਕਰੋ।